Alberta

# ਨਿਊਜ਼ ਰਿਲੀਜ਼

## K-12 ਵਿਦਿਆਰਥੀਆਂ ਲਈ ਵਿੰਟਰ ਬ੍ਰੇਕ ਨੂੰ ਵਧਾਇਆ ਗਿਆ

30 ਦਸੰਬਰ, 2021

---

**ਸਕੂਲ ਵਿੱਚ ਸਫਲਤਾਪੂਰਵਕ ਵਾਪਸੀ ਦਾ ਸਮਰਥਨ ਕਰਨ ਅਤੇ ਯੋਜਨਾਬੰਦੀ ਲਈ ਵਾਧੂ ਸਮਾਂ ਪ੍ਰਦਾਨ ਕਰਨ ਲਈ, ਕਿੰਡਰਗਾਰਟਨ ਤੋਂ ਗ੍ਰੇਡ 12 ਦੀ ਵਿੰਟਰ ਬ੍ਰੇਕ ਨੂੰ ਪੂਰੇ ਸੂਬੇ ਵਿੱਚ 10 ਜਨਵਰੀ ਤੱਕ ਵਧਾ ਦਿੱਤਾ ਜਾਵੇਗਾ।**

ਵਧੀ ਹੋਈ ਬ੍ਰੇਕ ਸਕੂਲ ਅਧਿਕਾਰੀਆਂ ਨੂੰ ਸਟਾਫਿੰਗ ਪ੍ਰਭਾਵਾਂ ਅਤੇ ਮੌਜੂਦਾ ਕੋਵਿਡ-19 ਸਥਿਤੀ ਦੇ ਸੰਭਾਵੀ ਸੰਚਾਲਨ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਵਾਧੂ ਡੇਟਾ ਇਕੱਤਰ ਕਰਨ ਲਈ ਸਮਾਂ ਦੇਵੇਗੀ।

ਕਲਾਸਾਂ ਵਿੱਚ ਸੁਰੱਖਿਅਤ ਵਾਪਸੀ ਵਿੱਚ ਸਹਾਇਤਾ ਕਰਨ ਲਈ, ਅਲਬਰਟਾ ਹੈਲਥ ਐਂਡ ਮਿਊਂਸੀਪਲ ਅਫੇਅਰਜ਼ ਦੀ ਪੀਪੀਈ ਟਾਸਕ ਫੋਰਸ 10 ਜਨਵਰੀ ਦੇ ਹਫ਼ਤੇ ਤੋਂ ਸਕੂਲਾਂ ਨੂੰ 8.6 ਮਿਲੀਅਨ ਰੈਪਿਡ ਟੈਸਟ ਅਤੇ 16.5 ਮਿਲੀਅਨ ਮਾਸਕ ਵੀ ਡਲਿਵਰ ਕਰੇਗੀ।

ਹਾਈ ਸਕੂਲ ਦੇ ਉਹਨਾਂ ਵਿਦਿਆਰਥੀਆਂ, ਜਿਨ੍ਹਾਂ ਦੀ ਪੜ੍ਹਾਈ ਵਿੱਚ ਇਸ ਵਾਧੇ ਨਾਲ ਵਿਘਨ ਪੈਂਦਾ ਹੈ, ਨੂੰ ਹੋਰ ਸਹਾਇਤਾ ਦੇਣ ਲਈ, ਜਨਵਰੀ ਦੇ ਡਿਪਲੋਮਾ ਇਮਤਿਹਾਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਅਪ੍ਰੈਲ ਅਤੇ ਜੂਨ ਦੇ ਡਿਪਲੋਮਾ ਇਮਤਿਹਾਨਾਂ ਬਾਰੇ 2022 ਵਿੱਚ ਬਾਅਦ ਵਿੱਚ ਫੈਸਲਾ ਲਿਆ ਜਾਵੇਗਾ।

“ਕੋਵਿਡ ਦੀ ਸਥਿਤੀ ਤੇਜ਼ੀ ਨਾਲ ਬਦਲਣ ਦੇ ਨਾਲ, ਸਾਡੀ ਪ੍ਰਤੀਕਿਰਿਆ ਨੂੰ ਵੀ ਬਦਲਣਾ ਚਾਹੀਦਾ ਹੈ। ਇਹ ਵਿਰਾਮ ਅਧਿਆਪਕਾਂ, ਸਕੂਲ ਪ੍ਰਬੰਧਕਾਂ ਅਤੇ ਸਕੂਲ ਅਧਿਕਾਰੀਆਂ ਨੂੰ ਵਿਦਿਆਰਥੀਆਂ ਨੂੰ ਸੁਰੱਖਿਅਤ ਢੰਗ ਨਾਲ ਸਿੱਖਣ ਲਈ ਵਾਪਸ ਜਾਣ ਦੀ ਯੋਜਨਾ ਬਣਾਉਣ ਲਈ ਵਧੇਰੇ ਸਮਾਂ ਦੇਵੇਗਾ। ਬਹੁਤ ਹੀ ਚੁਣੌਤੀਪੂਰਨ ਹਾਲਾਤਾਂ ਵਿੱਚ, ਮੈਂ ਮਹਾਮਾਰੀ ਦੇ ਦੌਰਾਨ ਉਨ੍ਹਾਂ ਦੀ ਲਚਕਤਾ ਲਈ ਮਾਤਾ-ਪਿਤਾ, ਵਿਦਿਆਰਥੀਆਂ, ਅਧਿਆਪਕਾਂ ਅਤੇ ਸਿੱਖਿਆ ਭਾਈਵਾਲਾਂ ਦੀ ਬਹੁਤ ਧੰਨਵਾਦੀ ਹਾਂ।”

*ਏਡਰੀਐਨਾ ਲਾਗਰੇਂਜ, ਸਿੱਖਿਆ ਮੰਤਰੀ*

ਸਕੂਲ ਅਧਿਕਾਰੀ ਵਿਦਿਆਰਥੀਆਂ ਦੀ ਵਧੀ ਹੋਈ ਵਿੰਟਰ ਬ੍ਰੇਕ ਦੀ ਵਰਤੋਂ ਸੰਭਾਵੀ ਇਨ-ਪਰਸਨ ਅਤੇ ਐਟ-ਹੋਮ ਲਰਨਿੰਗ ਦੇ ਦ੍ਰਿਸ਼ਾਂ ਲਈ ਤਿਆਰੀ ਵਾਸਤੇ ਕਰਨਗੇ, ਜਿਵੇਂ ਕਿ ਉਹਨਾਂ ਨੇ ਮਹਾਮਾਰੀ ਦੌਰਾਨ ਪਹਿਲਾਂ ਕੀਤਾ ਹੈ। ਸਕੂਲ ਅਧਿਕਾਰੀਆਂ ਅਤੇ ਮਾਤਾ-ਪਿਤਾ ਦੀ ਸਹਾਇਤਾ ਲਈ ਜਾਣਕਾਰੀ ਅਤੇ ਮਾਰਗਦਰਸ਼ਨ alberta.ca/returntoschool 'ਤੇ ਉਪਲਬਧ ਹੈ।

**Classification: Public**

ਇਸ ਤਬਦੀਲੀ ਦੇ ਨਾਲ, ਅਸੀਂ ਐਜੂਕੇਸ਼ਨ ਹਿੱਸੇਦਾਰਾਂ ਦੀਆਂ ਚਿੰਤਾਵਾਂ ਦਾ ਜਵਾਬ ਦੇ ਰਹੇ ਹਾਂ ਅਤੇ ਅਲਬਰਟਾ ਨੂੰ ਕੈਨੇਡਾ ਦੇ ਦੂਜੇ ਸੂਬਿਆਂ ਨਾਲ ਇਕਸਾਰ ਕਰ ਰਹੇ ਹਾਂ। ਇੱਕ ਵਿਰਾਮ ਸਕੂਲ ਅਧਿਕਾਰੀਆਂ ਨੂੰ ਟੈਸਟਿੰਗ ਅਤੇ ਸੰਪਰਕ ਸੂਚਨਾ ਵਿੱਚ ਤਬਦੀਲੀਆਂ ਲਈ ਯੋਜਨਾ ਬਣਾਉਣ ਵਿੱਚ ਵੀ ਮਦਦ ਕਰੇਗਾ।

ਰੈਪਿਡ ਟੈਸਟ ਵਿਤਰਨ ਪੂਰੀ ਸਿੱਖਿਆ ਪ੍ਰਣਾਲੀ ਵਿੱਚ ਹਰੇਕ ਵਿਦਿਆਰਥੀ ਅਤੇ ਸਟਾਫ ਮੈਂਬਰ ਨੂੰ ਦੋ ਪੰਜ-ਟੈਸਟ ਵਾਲੀਆਂ ਕਿੱਟਾਂ ਮੁਹੱਈਆ ਕਰਨ ਲਈ ਕਾਫ਼ੀ ਰੈਪਿਡ ਟੈਸਟਾਂ ਦੀ ਪੇਸ਼ਕਸ਼ ਕਰੇਗਾ। ਵਿਤਰਨ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਅਗਲੇ ਹਫਤੇ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

ਪੜਾਅਵਾਰ ਪਹੁੰਚ ਰਾਹੀਂ, ਮੈਡੀਕਲ-ਗਰੇਡ ਮਾਸਕ ਸਕੂਲਾਂ ਰਾਹੀਂ ਵੀ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਨੂੰ ਵੰਡੇ ਜਾਣਗੇ। ਪੂਰੀ ਤਰ੍ਹਾਂ ਵੰਡੇ ਜਾਣ ਤੋਂ ਬਾਅਦ, ਸਟਾਫ ਅਤੇ ਵਿਦਿਆਰਥੀਆਂ ਨੂੰ ਅੱਠ ਹਫ਼ਤਿਆਂ ਦੀ ਸਪਲਾਈ ਮਿਲੇਗ ੀ। ਬਾਲ ਅਤੇ ਬਾਲਗ ਮੈਡੀਕਲ ਗ੍ਰੇਡ ਮਾਸਕ ਦੇ ਵਿਤਰਨ ਦੋਵਾਂ ਦਾ ਤਾਲਮੇਲ ਮਿਉਂਸਪਲ ਅਫੇਅਰਜ਼ ਦੀ ਪੀਪੀਈ ਟਾਸਕ ਫੋਰਸ ਰਾਹੀਂ ਪੜਾਅਵਾਰ ਤਰੀਕੇ ਨਾਲ ਕੀਤਾ ਜਾਵੇਗਾ ਅਤੇ ਅਗਲੇ ਹਫ਼ਤੇ ਹੋਰ ਜਾਣਕਾਰੀ ਵੀ ਸਾਂਝੀ ਕੀਤੀ ਜਾਵੇਗੀ।

10 ਜਨਵਰੀ ਤੋਂ ਵਿਦਿਆਰਥੀ ਕਲਾਸ ਵਿੱਚ ਸਿੱਖਣਗੇ ਜਾਂ ਘਰ ਵਿੱਚ, ਨਾਲ ਸਬੰਧਤ ਅਗਲੇ ਕਦਮਾਂ ਬਾਰ ੇ ਹੋਰ ਜਾਣਕਾਰੀ ਅਗਲੇ ਹਫ਼ਤੇ ਦੇ ਅੰਤ ਵਿੱਚ ਦਿੱਤੀ ਜਾਵੇਗੀ। ਫੈਸਲਾ ਸਕੂਲ ਅਧਿਕਾਰੀਆਂ ਦੁਆਰਾ ਮੁਹੱਈਆ ਕਰਵਾਈ ਗਈ ਸੰਚਾਲਨ ਜਾਣਕਾਰੀ, ਕੇਸਾਂ ਦੀ ਜਾਣਕਾਰੀ ਅਤੇ ਹੋਰ ਉਪਲਬਧ ਸਿਹਤ ਡੇਟਾ ਦੀ ਵਰਤੋਂ ਕਰਦੇ ਹੋਏ ਸਬੂਤ-ਅਧਾਰਤ ਹੋਵੇਗਾ।

## ਸੰਬੰਧਿਤ ਜਾਣਕਾਰੀ

- ਇਸ ਸਕੂਲੀ ਸਾਲ ਸੁਰੱਖਿਅਤ ਅਤੇ ਸਿਹਤਮੰਦ ਰਹਿਣਾ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ
- ਨਿਊਜ਼ ਕਾਨਫਰੰਸ ਨੂੰ ਸੁਣੋ (ਇਵੈਂਟ ਤੋਂ ਬਾਅਦ ਉਪਲਬਧ)

## ਮੀਡੀਆ ਪੁੱਛਗਿੱਛ

Nicole Sparrow (ਨਿਕੋਲ ਸਪੈਰੋ)

780-720-1915
ਪ੍ਰੈੱਸ ਸਕੱਤਰ, ਸਿੱਖਿਆ

**Classification: Public**